BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਾਸਤੇ ਐਲਾਨੀ ਗਈ ਸਟੇਟ ਆਫ ਐਮਰਜੈਂਸੀ ਨੂੰ ਖਤਮ ਕੀਤਾ

ਬ੍ਰੈਂਪਟਨ, ਓਨਟੈਰੀਓ (24 ਮਾਰਚ, 2022) – ਅੱਜ, ਕੋਵਿਡ-19 (COVID-19) ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ, ਸਟੇਟ ਆਫ ਐਮਰਜੈਂਸੀ ਦਾ ਐਲਾਨ ਕਰਨ ਦੇ ਦੋ ਸਾਲਾਂ ਬਾਅਦ, ਮੇਅਰ ਪੈਟਰਿਕ ਬ੍ਰਾਊਨ (Patrick Brown) ਨੇ ਸਿਟੀ ਕਾਉਂਸਿਲ (City Council) ਦੇ ਵੱਲੋਂ ਅਤੇ ਸਿਟੀ ਦੀ ਐਮਰਜੈਂਸੀ ਮੈਨੇਜਮੈਂਟ (Emergency Management) ਟੀਮ ਦੀ ਸਲਾਹ ਤੇ, ਸਿਟੀ ਆਫ ਬ੍ਰੈਂਪਟਨ ਦੀ ਐਲਾਨੀ ਗਈ ਐਮਰਜੈਂਸੀ ਨੂੰ ਖਤਮ ਕਰ ਦਿੱਤਾ ਹੈ।

ਰੀਜਨ ਆਫ ਪੀਲ (Region of Peel) ਨੇ ਵੀ, ਮੈਡੀਕਲ ਆਫਿਸਰ ਆਫ ਹੈਲਥ, ਡਾ. ਲਾਰੈਂਸ ਲੋਹ (Lawrence Loh) ਦੇ ਨਾਲ-ਨਾਲ, ਰੀਜਨਲ ਐਮਰਜੈਂਸੀ ਮੈਨੇਜਮੈਂਟ (Regional Emergency Management) ਦੇ ਨਾਲ ਮਸ਼ਵਰੇ ਤੋਂ ਬਾਅਦ, ਅੱਜ ਆਪਣੀ ਐਲਾਨੀ ਗਈ ਐਮਰਜੈਂਸੀ ਨੂੰ ਖਤਮ ਕਰ ਦਿੱਤਾ ਹੈ (terminated its declared emergency today)।

**ਸਿਟੀ ਦੇ ਐਮਰਜੈਂਸੀ ਮੈਨੇਜਮੈਂਟ ਪਲਾਨ** (Emergency Management Plan) **ਦੇ ਮੁਤਾਬਕ**, ਸਿਟੀ ਵੱਲੋਂ 24 ਮਾਰਚ, 2020 ਨੂੰ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਸੀ (City declared an emergency on March 24, 2020)। ਇਹ ਐਲਾਨ, ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਓਨਟੈਰੀਓ ਸੂਬੇ ਅਤੇ ਰੀਜਨ ਆਫ ਪੀਲ ਦੇ ਯਤਨਾਂ ਦੀ ਹਿਮਾਇਤ ਵਿੱਚ ਇੱਕ ਵੱਡਾ ਕਦਮ ਸੀ। ਐਮਰਜੈਂਸੀ ਦਾ ਐਲਾਨ ਇੱਕ ਐਡਮਿਨਿਸਟ੍ਰੇਟਿਵ ਸਾਧਨ ਸੀ, ਜਿਸਦੇ ਨਾਲ ਸਿਟੀ, ਕਮਿਉਨਿਟੀ ਨੂੰ ਸੁਰੱਖਿਅਤ ਰੱਖਣ ਵਾਸਤੇ, ਵੱਧ ਫੁਰਤੀ ਨਾਲ ਕੰਮ ਕਰ ਸਕੀ ਹੈ।

ਸਿਟੀ ਨੇ ਸਿਹਤ ਅਤੇ ਸੁਰੱਖਿਆ ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ, ਜਦੋਂ ਉਹ ਹੌਲੀ-ਹੌਲੀ ਅਤੇ ਸੁਰੱਖਿਆ ਦੇ ਨਾਲ ਦੁਬਾਰਾ ਖੁੱਲ ਰਹੀ ਹੈ ਅਤੇ ਸਿਟੀ, ਨਿਵਾਸੀਆਂ ਦਾ ਧੰਨਵਾਦ ਕਰਦੀ ਹੈ ਕਿ ਉਹਨਾਂ ਨੇ ਮਹਾਂਮਾਰੀ ਦੇ ਦੌਰਾਨ, ਇਸਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ ਸਰੀਰਕ ਦੂਰੀ, ਚੰਗੀ ਤਰ੍ਹਾਂ ਸਫਾਈ ਰੱਖ ਕੇ, ਵੈਕਸੀਨ ਲਗਵਾ ਕੇ ਅਤੇ ਮਾਸਕ ਪਹਿਨ ਕੇ ਆਪਣੀ ਭੂਮਿਕਾ ਨਿਭਾਈ।

ਨਿਵਾਸੀਆਂ ਨੂੰ ਚਾਹੀਦਾ ਹੈ ਕਿ ਜੇਕਰ ਉਹ ਬੀਮਾਰ ਹੋਣ ਤਾਂ ਘਰ ਵਿੱਚ ਹੀ ਰਹਿ ਕੇ ਅਤੇ ਕੋਵਿਡ-19 ਦੇ ਵਿਰੁੱਧ ਵੈਕਸੀਨ ਅਤੇ ਬੂਸਟਰ ਡੋਜ਼ ਲਗਵਾ ਕੇ, ਕਮਿਉਨਿਟੀ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦੇਣਾ ਜਾਰੀ ਰੱਖਣ। ਕੋਵਿਡ-19 ਵੈਕਸੀਨੇਸ਼ਨਸ ਬਾਰੇ ਬਿਲਕੁੱਲ ਤਾਜ਼ਾ ਜਾਣਕਾਰੀ ਲਈ, ਸੂਬੇ ਦੇ ਵੈਕਸੀਨ ਪੋਰਟਲ (Province's vaccine portal) ਤੇ ਜਾਓ।

ਜੇਕਰ ਬ੍ਰੈਂਪਟਨ ਵਿੱਚ ਕੋਵਿਡ-19 ਦੀ ਸਥਿਤੀ ਬਦਲਦੀ ਹੈ, ਤਾਂ ਸਿਟੀ, ਪੀਲ ਪਬਲਿਕ ਹੈਲਥ (Peel Public Health) ਦੇ ਨਾਲ ਕੰਮ ਕਰਨਾ ਅਤੇ ਐਮਰਜੈਂਸੀ ਵਿੱਚ ਪ੍ਰਤੀਕਿਰਿਆ ਕਰਨ ਦੀ ਹਿਮਾਇਤ ਲਈ, ਸਿਹਤ ਅਤੇ ਸੁਰੱਖਿਆ ਸਬੰਧੀ ਸਾਰੇ ਪ੍ਰੋਵਿੰਸ਼ੀਅਲ ਅਤੇ ਰੀਜਨਲ ਉਪਾਵਾਂ ਦੀ ਪਾਲਣਾ ਜਾਰੀ ਰੱਖੇਗੀ।

## ਕੋਵਿਡ-19 ਸਪੋਰਟ ਟਾਸਕ ਫੋਰਸਿਜ

ਮਹਾਂਮਾਰੀ ਦੇ ਦੌਰਾਨ, ਸਿਟੀ, ਸਟਾਫ ਅਤੇ ਨਿਵਾਸੀਆਂ ਦੀ ਸਿਹਤ ਦੀ ਸੁਰੱਖਿਆ ਕਰਨ ਅਤੇ ਲੋਕਲ ਅਰਥਚਾਰੇ ਅਤੇ ਅਣਮੇਲਵੇਂ ਢੰਗ ਨਾਲ ਪ੍ਰਭਾਵਿਤ ਕਮਿਉਨਿਟੀਜ ਦੀ ਹਿਮਾਇਤ ਕਰਨ ਲਈ ਵਚਨਬੱਧ ਰਹੀ ਹੈ। ਮਾਰਚ 2020 ਵਿੱਚ, ਸਿਟੀ ਨੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਦੇ ਪ੍ਰਭਾਵੀ ਉਪਾਵਾਂ ਵਿੱਚ ਤਾਲਮੇਲ ਬਿਠਾਉਣ ਵਾਸਤੇ, ਚਾਰ ਮੇਅਰਸ ਕੋਵਿਡ-19 ਸਪੋਰਟ ਟਾਸਕ ਫੋਰਸਿਜ: ਇਕੋਨੋਮਿਕ ਸਪੋਰਟ ਟਾਸਕ ਫੋਰਸ (Economic Support Task

Force), ਸੋਸ਼ਲ ਸਪੋਰਟ ਟਾਸਕ ਫੋਰਸ (Social Support Task Force), ਯੂਥ ਸਪੋਰਟ ਟਾਸਕ ਫੋਰਸ (Youth Support Task Force) ਅਤੇ ਸੀਨੀਅਰਸ ਸਪੋਰਟ ਟਾਸਕ ਫੋਰਸ (Seniors Support Task Force) ਦਾ ਐਲਾਨ ਕੀਤਾ ਸੀ।

ਸਿਟੀ, ਪਿਛਲੇ ਦੋ ਸਾਲਾਂ ਤੋਂ ਕੋਵਿਡ-19 ਨੂੰ ਫੈਲਣ ਤੋਂ ਰੋਕਣ ਦੇ ਆਪਣੇ ਯਤਨਾਂ ਅਤੇ ਬ੍ਰੈਂਪਟਨ ਕਮਿਉਨਿਟੀ ਦੀ ਸਹਾਇਤਾ ਲਈ, ਟਾਸਕ ਫੋਰਸਿਜ ਨਾਲ ਜੁੜੇ ਸਾਰੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ, ਇਹਨਾਂ ਵਿੱਚ ਸ਼ਾਮਲ ਹਨ:

- **ਇਕੋਨੋਮਿਕ ਸਪੋਰਟ ਟਾਸਕ ਫੋਰਸ ਕੋ-ਲੀਡਸ;** ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ ਵਾਰਡਸ 1 ਅਤੇ 5 ਅਤੇ ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6
- **ਸੋਸ਼ਲ ਸਪੋਰਟ ਟਾਸਕ ਫੋਰਸ ਕੋ-ਲੀਡਸ;** ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5 ਅਤੇ ਜੈਫ ਬੋਮੈਨ (Jeff Bowman), ਸਿਟੀ ਕਾਉਂਸਲਰ, ਵਾਰਡਸ 3 ਅਤੇ 4
- **ਯੂਥ ਸਪੋਰਟ ਟਾਸਕ ਫੋਰਸ ਕੋ-ਲੀਡਸ;** ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8 ਅਤੇ ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ10
- **ਸੀਨੀਅਰਸ ਸਪੋਰਟ ਟਾਸਕ ਫੋਰਸ ਕੋ-ਲੀਡਸ;** ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8 ਅਤੇ ਗੁਰਪ੍ਰੀਤ ਢਿੱਲੋਂ (Gurpreet Dhillon), ਰੀਜਨਲ ਕਾਉਂਸਲਰ, ਵਾਰਡਸ 9 ਅਤੇ 10
- **ਬੈਕਯਾਰਡ ਗਾਰਡਨ ਪ੍ਰੋਗਰਾਮ (Backyard Garden Program) ਚੇਅਰ;** ਡਗ ਵ੍ਹਿਲੈਨਸ (Doug Whillans), ਸਿਟੀ ਕਾਉਂਸਲਰ, ਵਾਰਡਸ 2 ਅਤੇ 6
- **ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ (Reopening and Recovery Working Group) ਲੀਡ**; ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4

ਸਟੇਟ ਆਫ ਐਮਰਜੈਂਸੀ ਨੂੰ ਖਤਮ ਕਰਨ ਦੇ ਨਾਲ, ਸਿਟੀ ਟਾਸਕ ਫੋਰਸਿਜ ਦੀ ਬਦਲੀ ਕਰੇਗੀ ਅਤੇ ਸਿਟੀ ਦੀ ਸੇਵਾ ਡਿਲੀਵਰੀ ਅਤੇ ਕਮਿਉਨਿਟੀ ਸੋਸ਼ਲ ਸਪੋਰਟ ਨੈੱਟਵਰਕਾਂ ਦੇ ਦੁਆਰਾ, ਕਮਿਉਨਿਟੀ ਨੂੰ ਸਹਾਇਤਾ ਪ੍ਰਦਾਨ ਕਰਦੀ ਰਹੇਗੀ।

**ਕੋਵਿਡ-19 ਸਬੰਧੀ ਜਾਰੀ ਉਪਾਅ**

ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਹਾਲਾਂਕਿ ਸਿਟੀ ਨੇ ਆਪਣਾ, ਬ੍ਰੈਂਪਟਨ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (Brampton COVID-19 Mandatory Mask By-law) ਖਤਮ ਕਰ ਦਿੱਤਾ ਹੈ, ਫਿਰ ਵੀ ਚੋਣਵੀਆਂ ਸੈਟਿੰਗਸ ਵਿੱਚ ਮਾਸਕ ਪਹਿਨਣ ਦੀ ਸ਼ਰਤ ਜਾਰੀ ਹੈ, ਜਿਵੇਂ ਪਬਲਿਕ ਟ੍ਰਾਂਜ਼ਿਟ, ਹੈਲਥ ਕੇਅਰ ਸੈਟਿੰਗਸ, ਲੌਂਗ-ਟਰਮ ਕੇਅਰ ਹੋਮਸ ਅਤੇ ਕੋਂਗਰੀਗੇਟ ਕੇਅਰ ਸੈਟਿੰਗਸ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਹਨਾਂ ਲੋਕਾਂ ਦਾ ਸਨਮਾਨ ਕਰਨ, ਜੋ ਉਹਨਾਂ ਸੈਟਿੰਗਾਂ ਵਿੱਚ ਵੀ ਮਾਸਕ ਪਹਿਨਣਾ ਜਾਰੀ ਰੱਖਣਾ ਚਾਹੁੰਦੇ ਹਨ, ਜਿੱਥੇ ਉਹ ਜ਼ਰੂਰੀ ਨਹੀਂ ਹਨ।

ਸੂਬੇ ਦੇ ਰੈਗੂਲੇਸ਼ਨਸ (Province's regulations) ਦੇ ਮੁਤਾਬਕ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀਆਂ ਸਾਰੀਆਂ ਬੱਸਾਂ ਅਤੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲਾਂ ਵਿਖੇ, ਮਾਸਕ ਪਹਿਨਣ ਦੀ ਸ਼ਰਤ ਜਾਰੀ ਰਹੇਗੀ। ਸਫਾਈ ਅਤੇ ਸੈਨੀਟਾਈਜ਼ ਕਰਨਾ ਜਾਰੀ ਹੈ ਅਤੇ ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸੇਵਾ ਅੱਪਡੇਟਸ ਲਈ, www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਨੂੰ, 905.874.2999 ਤੇ ਪੁੱਛੇ ਜਾ ਸਕਦੇ ਹਨ।

ਰੇਕ੍ਰੀਏਸ਼ਨ ਫੈਸਿਲਿਟੀਜ ਸਮੇਤ, ਸਿਟੀ ਦੀਆਂ ਫੈਸੀਲਿਟੀਜ ਵਿੱਚ ਦਾਖਲ ਹੋਣ ਵਾਸਤੇ ਪ੍ਰੀ-ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਬੀਮਾਰ ਮਹਿਸੂਸ ਕਰ ਰਹੇ ਹੋਣ ਤਾਂ ਘਰ ਵਿੱਚ ਹੀ ਰਹਿਣਾ ਜਾਰੀ ਰੱਖਣ।

**ਹਵਾਲੇ**

"ਮੈਨੂੰ ਇਹ ਐਲਾਨ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਅਸੀਂ, ਬ੍ਰੈਂਪਟਨ ਵਿੱਚ ਕੋਵਿਡ-19 ਨੂੰ ਫੈਲਣ ਤੋਂ ਰੋਕਣ ਦੇ ਯਤਨਾਂ ਵਿੱਚ, ਸਾਡੀ ਸਟੇਟ ਆਫ ਐਮਰਜੈਂਸੀ ਨੂੰ ਖਤਮ ਕਰਨ ਦੀ ਸਥਿਤੀ ਵਿੱਚ ਹਾਂ। ਜੇਕਰ ਸਾਡੇ ਨਿਵਾਸੀਆਂ, ਸਿਟੀ ਦੇ ਸਟਾਫ, ਹੈਲਥ ਕੇਅਰ ਵਰਕਰਸ ਅਤੇ ਸਿਟੀ ਟਾਸਕ ਫੋਰਸ ਦੇ ਮੈਂਬਰਾਂ ਨੇ ਸ਼ਾਨਦਾਰ ਯਤਨ ਨਾ ਕੀਤੇ ਹੁੰਦੇ, ਤਾਂ ਅਸੀਂ ਇਸ ਸਥਿਤੀ ਵਿੱਚ ਨਾ ਹੁੰਦੇ। ਕਿਉਂਕਿ ਅਸੀਂ ਮਹਾਂਮਾਰੀ ਦੇ ਇਸ ਅਗਲੇ ਪੜਾਅ ਵਿੱਚ ਜਾ ਰਹੇ ਹਾਂ, ਮੈਨੂੰ ਪਤਾ ਹੈ ਕਿ ਅਸੀਂ ਜਿੱਤ ਜਾਵਾਂਗੇ, ਜਿਵੇਂ ਅਸੀਂ ਦੋ ਪਿਛਲੇ ਸਾਲਾਂ ਵਿੱਚ – ਕਮਿਉਨਿਟੀ ਵਜੋਂ ਜਿੱਤੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਪਿਛਲੇ ਦੋ ਸਾਲਾਂ ਵਿੱਚ, ਸਿਟੀ ਆਫ ਬ੍ਰੈਂਪਟਨ ਵਿਖੇ ਸਾਡੀ ਟੀਮ, ਉਹ ਸੇਵਾਵਾਂ, ਜਿਹਨਾਂ ਤੇ ਸਾਡੇ ਨਿਵਾਸੀ ਅਤੇ ਕਾਰੋਬਾਰੀ ਨਿਰਭਰ ਕਰਦੇ ਹਨ, ਪ੍ਰਦਾਨ ਕਰਨਾ ਜਾਰੀ ਰੱਖਦੇ ਹੋਏ ਸਾਡੀ ਕਮਿਉਨਿਟੀ ਦੀ ਸਿਹਤ ਅਤੇ ਸੁਰੱਖਿਆ ਦੇ ਬਚਾਅ ਲਈ ਦ੍ਰਿੜ੍ਹਤਾ ਨਾਲ ਵਚਨਬੱਧ ਰਹੀ ਹੈ। ਮੈਂ ਸਟਾਫ ਦੇ ਯਤਨਾਂ ਲਈ ਤਹਿ ਦਿਲੋਂ ਉਹਨਾਂ ਦਾ ਧੰਨਵਾਦ ਕਰਦਾ ਹਾਂ ਅਤੇ ਸਿਟੀ ਦੇ ਵੱਲੋਂ, ਅਸੀਂ ਮਹਾਂਮਾਰੀ ਦੇ ਇਸ ਅਗਲੇ ਪੜਾਅ ਵੱਲ ਵਧਦੇ ਹੋਏ, ਸਾਡੀ ਕਮਿਉਨਿਟੀ ਨੂੰ ਸੇਵਾ ਦੇਣਾ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca